Cleaning Home/Off 647-854-9038
Line of Credit Fix Bad Credit Get OSAP Loan 416-816-8500
ਜਾਦੂ ਟੂਣੇ ਦੀ ਕਾਟ 1-604-961-6635
12 Beds, 7 Baths For 24 Guests 416-816-8500
ਮਰਦਾਨਾ ਕਮਜ਼ੋਰੀ 416-992-5489
ਸਫ਼ਾਈ ਕਰਾਓ ਘਰ ਜਾਂ ਆਫ਼ਿਸ 647-854-9038
ਇੰਡੀਅਨ ਵੀਜ਼ਾ OCI & Passport Renewal 514-389-7070
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100

ਸੁੰਦਰ ਪਿਚਾਈ ਦੀ ਜਾਇਦਾਦ ਬਾਰੇ ਜਾਣ ਕੇ ਉੱਡ ਜਾਣਗੇ ਹੋਸ਼

ਨਿਊ ਯੌਰਕ: ਗੂਗਲ ਦੀ ਮੂਲ ਕੰਪਨੀ ਐਲਫ਼ਾਬੈੱਟ ਨਤੀਜੇ ਬਹੁਤ ਵਧੀਆ ਆਏ ਹਨ। ਸਾਲ 2023 ਦੀ ਸੁਰੂਆਤ ਤੋਂ ਬਾਅਦ ਕੰਪਨੀ ਦੇ ਸ਼ੇਅਰਾਂ 'ਚ ਜ਼ਬਰਦਸਤ ਉਛਾਲ ਆਇਆ ਹੈ। ਇਸ ਨਾਲ ਕੰਪਨੀ ਦੇ ਬਾਜ਼ਾਰ ਮੁੱਲ 'ਚ ਇੱਕ ਟ੍ਰਿਲੀਅਨ ਡਾਲਰ ਤੋਂ ਵੱਧ ਦਾ ਵਾਧਾ ਹੋਇਆ ਹੈ। ਨਿਵੇਸ਼ਕਾਂ ਨੂੰ 120% ਦਾ ਰੀਟਰਨ ਮਿਲਿਆ ਹੈ। ਬਲੂਮਬਰਗ ਅਨੁਸਾਰ, ਐਲਫ਼ਾਬੈੱਟ ਦੇ ਸ਼ੇਅਰ ਰਿਕਾਰਡ ਉਚਾਈ ਦੇ ਨੇੜੇ ਹਨ। ਇਸ ਚੰਗੇ ਪ੍ਰਦਰਸ਼ਨ ਨਾਲ ਕੰਪਨੀ ਦੇ CEO ਸੁੰਦਰ ਪਿਚਾਈ ਦੀ ਕੁੱਲ ਜਾਇਦਾਦ 'ਚ ਵੀ ਕਾਫ਼ੀ ਵਾਧਾ ਹੋਇਆ ਹੈ, ਅਤੇ ਉਹ ਹੁਣ ਅਰਬਪਤੀ ਵੀ ਬਣ ਗਏ ਹਨ। 53 ਸਾਲਾ ਪਿਚਾਈ ਦੀ ਕੁੱਲ ਜਾਇਦਾਦ ਹੁਣ 1.1 ਬਿਲੀਅਨ ਡਾਲਰ ਹੈ। ਫ਼ੋਰਬਜ਼ ਦੀ ਰੀਅਲ ਟਾਈਮ ਅਰਬਪਤੀਆਂ ਦੀ ਸੂਚੀ 'ਚ ਪਿਚਾਈ ਦੀ ਕੁੱਲ ਜਾਇਦਾਦ 1.2 ਬਿਲੀਅਨ ਡਾਲਰ ਦਿਖਾਈ ਗਈ ਹੈ।

ਤਕਨਾਲੋਜੀ ਉਦਯੋਗ 'ਚ ਇਹ ਬਹੁਤ ਘੱਟ ਹੁੰਦਾ ਹੈ ਕਿ ਕੋਈ ਗ਼ੈਰ-ਸੰਸਥਾਪਕ CEO ਇੰਨਾ ਅਮੀਰ ਬਣ ਜਾਵੇ। ਜ਼ਿਆਦਾਤਰ ਉੱਚ ਕਾਰਜਕਾਰੀ ਕੰਪਨੀ 'ਚ ਹਿੱਸੇਦਾਰੀ ਦੇ ਆਧਾਰ 'ਤੇ ਅਮੀਰ ਹੋਏ ਹਨ। ਇਨ੍ਹਾਂ 'ਚ Meta ਪਲੈਟਫ਼ੌਰਮ ਦੇ ਮਾਰਕ ਜ਼ਕਰਬਰਗ ਅਤੇ ਐਨਵੀਡੀਆ ਕੌਰਪੋਰੇਸ਼ਨ ਦੇ ਜੇਨਸਨ ਹੁਆਂਗ ਸ਼ਾਮਿਲ ਹਨ। ਨਿਊ ਯੌਰਕ 'ਚ ਬਾਜ਼ਾਰ ਖੁੱਲ੍ਹਣ ਤੋਂ ਬਾਅਦ ਐਲਫ਼ਾਬੈੱਟ ਦੇ ਸ਼ੇਅਰ 4.1% ਤਕ ਵਧੇ। ਇਹ ਦੋ ਮਹੀਨਿਆਂ 'ਚ ਸਭ ਤੋਂ ਵੱਧ ਇੰਟਰਾਡੇ ਲਾਭ ਸੀ। ਐਲਫ਼ਾਬੈੱਟ ਨੇ ਚੰਗਾ ਮੁਨਾਫ਼ਾ ਕਮਾਇਆ ਹੈ। ਕੰਪਨੀ ਨੇ ਕਿਹਾ ਕਿ ਉਸ ਨੇ ਉਮੀਦ ਨਾਲੋਂ ਵੱਧ ਮੁਨਾਫ਼ਾ ਕਮਾਇਆ ਹੈ। ਕੰਪਨੀ ਦਾ ਕਹਿਣਾ ਹੈ ਕਿ ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੇ ਕਾਰਨ ਇਸ ਦੇ ਹਰ ਕਾਰੋਬਾਰ ਨੂੰ ਫ਼ਾਇਦਾ ਹੋਇਆ ਹੈ।

ਐਲਫ਼ਾਬੈੱਟ ਨੇ ਦੂਜੀ ਤਿਮਾਹੀ 'ਚ 28.2 ਬਿਲੀਅਨ ਡਾਲਰ ਦਾ ਮੁਨਾਫ਼ਾ ਕਮਾਇਆ ਹੈ। ਇਸ ਸਮੇਂ

ਦੌਰਾਨ ਕੰਪਨੀ ਦੀ ਕਮਾਈ 96.4 ਬਿਲੀਅਨ ਡਾਲਰ ਸੀ। ਕੰਪਨੀ ਨੇ ਇਹ ਵੀ ਕਿਹਾ ਕਿ ਉਹ ਇਸ ਸਾਲ ਪੂੰਜੀ ਖ਼ਰਚ 'ਤੇ 10 ਬਿਲੀਅਨ ਡਾਲਰ ਹੋਰ ਖ਼ਰਚ ਕਰੇਗੀ। ਕੰਪਨੀ ਕਲਾਊਡ ਸੇਵਾਵਾਂ ਦੀ ਵੱਧਦੀ ਮੰਗ ਨੂੰ ਪੂਰਾ ਕਰਨ ਲਈ ਇਹ ਨਿਵੇਸ਼ ਕਰ ਰਹੀ ਹੈ। ਪਿਚਾਈ ਨੇ ਕਿਹਾ, "ਸਾਡੀ ਇੱਕ ਵਧੀਆ ਤਿਮਾਹੀ ਰਹੀ ਹੈ। AI ਕੰਪਨੀ 'ਚ ਹਰ ਜਗ੍ਹਾ ਚੰਗੀ ਵਾਧਾ ਹੋਇਆ ਹੈ। ਦੇ ਕਾਰਨ ਕਾਰੋਬਾਰ 'ਚ ਬਹੁਤ ਵੱਡਾ ਉਛਾਲ ਆਇਆ ਹੈ।"

ਪਿਚਾਈ 2015 'ਚ ਗੂਗਲ ਦੇ CEO ਬਣੇ ਅਤੇ 2015 'ਚ ਐਲਫ਼ਾਬੈੱਟ ਦੇ CEO ਵੀ ਬਣੇ, ਅਤੇ ਉਨ੍ਹਾਂ ਨੇ ਇਸ ਅਹੁਦੇ 'ਤੇ 10 ਸਾਲ ਪੂਰੇ ਕੀਤੇ ਹਨ। ਉਨ੍ਹਾਂ ਦੀ ਅਗਵਾਈ ਹੇਠ ਐਲਫ਼ਾਬੈੱਟ ਦਾ ਮਾਲੀਆ 2015 'ਚ 75 ਬਿਲੀਅਨ ਡਾਲਰਾਂ ਤੋਂ ਵੱਧ ਕੇ ਹੁਣ 110 ਬਿਲੀਅਨ ਡਾਲਰਜ਼ ਹੋ ਗਿਆ ਹੈ ਜਿਸ ਨਾਲ ਯੂਟਿਊਬ ਅਤੇ ਗੂਗਲ ਕਲਾਊਡ ਦਾ ਸਾਲਾਨਾ ਟਰਨਓਵਰ 110 ਬਿਲੀਅਨ ਡਾਲਰਜ਼ ਤਕ ਪਹੁੰਚ ਗਿਆ ਹੈ।

ਹੋਰ CEOs ਨਾਲ ਤੁਲਨਾ: ਹਾਲਾਂਕਿ ਐਲਫ਼ਾਬੈੱਟ ਦੇ ਸਹਿ-ਸੰਸਥਾਪਕ ਲੈਰੀ ਪੇਜ ਅਤੇ ਸਰਗੇਈ ਬ੍ਰਿਨ ਦੀ ਕੁੱਲ ਜਾਇਦਾਦ ਬਹੁਤ ਜ਼ਿਆਦਾ ਹੈ, ਪਿਚਾਈ ਦੀ ਦੌਲਤ ਮੁੱਖ ਤੌਰ 'ਤੇ ਉਨ੍ਹਾਂ ਦੀ ਪੇਸ਼ੇਵਰ ਅਗਵਾਈ ਅਤੇ ਕੰਪਨੀ ਦੇ ਵਿਕਾਸ 'ਚ ਯੋਗਦਾਨ ਦਾ ਨਤੀਜਾ ਹੈ।

19 ਅਗਸਤ 1967 ਨੂੰ ਹੈਦਰਾਬਾਦ 'ਚ ਜਨਮਿਆ। 2014 'ਚ ਮਾਈਕ੍ਰੋਸੌਫ਼ਟ ਦੇ ਤੀਜੇ CEO ਵਜੋਂ ਅਹੁਦਾ ਸੰਭਾਲਿਆ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਸਾਲ 2022 'ਚ ਦੇਸ਼ ਦੇ ਤੀਜੇ ਸਭ ਤੋਂ ਵੱਡੇ ਨਾਗਰਿਕ ਪੁਰਸਕਾਰ ਪਦਮ ਭੂਸ਼ਣ ਨਾਲ ਵੀ ਸਨਮਾਨਿਤ ਕੀਤਾ।

ਜੈਸ੍ਰੀ ਉਲਾਲ: 2008 'ਚ ਅਰਿਸਟਾ ਨੈੱਟਵਰਕਸ ਦੀ CEO ਬਣੀ। ਉਸ ਦੀ 44 ਹਜ਼ਾਰ 990 ਕਰੋੜ ਰੁਪਏ ਦੀ ਕੁੱਲ ਜਾਇਦਾਦ ਹੈ। 27 ਮਾਰਚ 1961 ਨੂੰ ਲੰਡਨ 'ਚ ਜਨਮੀ ਸੀ, ਪਰ ਉਹ ਭਾਰਤ 'ਚ ਪਲੀ ਅਤੇ ਵੱਡੀ ਹੋਈ। ਉਸ ਨੇ AMD ਅਤੇ ਫ਼ੇਅਰਚਾਈਲਡ ਸੈਮੀਕੰਡਕਟਰ ਵਰਗੀਆਂ ਕੰਪਨੀਆਂ ਨਾਲ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ।

Security Cameras CCTV Live Monitoring 647-863-9232
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਲੀਗਲ ਸੇਵਾਵਾਂ 905-913-2355
ਜਾਦੂ ਟੂਣੇ ਦੀ ਕਾਟ 1-604-961-6635
ਵਕੀਲ ਦੀ ਲੋੜ ? 905-362-0755

ਟਰਾਲੇ ਚੋਰੀ ਕਰਨ ਦੇ ਦੋਸ਼ ਹੇਠ ਪੰਜਾਬੀ ਗ੍ਰਿਫ਼ਤਾਰ

ਮਾਲਟਨ: ਪੀਲ ਪੁਲੀਸ ਨੇ ਕੈਲੇਡਨ ਦੇ ਰਹਿਣ ਵਾਲੇ ਭਾਰਤੀ ਦੇ ਘਰ ਛਾਪਾ ਮਾਰ ਕੇ ਉੱਥੋਂ ਚੋਰੀ ਕੀਤੇ ਛੇ ਟਰਾਲੇ ਬਰਾਮਦ ਕੀਤੇ ਹਨ ਜਿਨ੍ਹਾਂ ਦੀ ਪਛਾਣ ਲੁਕੋਣ ਲਈ ਉਨ੍ਹਾਂ ਦੇ ਨੰਬਰਾਂ ਅਤੇ ਹੁਲੀਏ ਨਾਲ ਤੋੜ-ਫੋੜ ਕੀਤੀ ਗਈ ਹੋਈ ਸੀ।ਫ਼ੜੇ ਗਏ ਵਿਅਕਤੀ ਦੀ ਪਛਾਣ ਕੈਲੇਡਨ ਦੇ ਰਹਿਣ ਵਾਲੇ 24 ਸਾਲਾ ਸਤਵਿੰਦਰ ਸਿੰਘ ਵਜੋਂ ਕੀਤੀ ਗਈ ਹੈ।

ਉਸ 'ਤੇ ਦੋਸ਼ ਹਨ ਕਿ ਉਹ ਟਰਾਲੇ ਚੋਰੀ ਕਰਦਾ ਸੀ, ਅਤੇ ਘਰ ਲਿਆ ਕੇ ਟਰਾਲਿਆਂ ਦੇ ਨੰਬਰਾਂ ਅਤੇ ਹੁਲੀਏ ਦੀ ਭੰਨ-ਤੋੜ ਕਰ ਕੇ ਉਨ੍ਹਾਂ ਨੂੰ ਅਗਾਂਹ ਵੇਚ ਦਿੰਦਾ ਸੀ। ਮੌਕੇ 'ਤੇ ਉਸ ਤੋਂ ਛੇ ਟਰਾਲੇ ਬਰਾਮਦ ਕੀਤੇ ਗਏ ਹਨ। ਪੁਲੀਸ ਅਨੁਸਾਰ ਉਸ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਮੁਚੱਲਕੇ ਉੱਤੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ।



ਵਕੀਲ ਦੀ ਲੋੜ ? 905-362-0755
ਦੰਦਾਂ ਦੀ ਦੇਖਭਾਲ 905-450-5600
ਸਸਤੀਆਂ ਹਵਾਈ ਟਿਕਟਾਂ 905-595-1700
ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ 416-277-9742
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710

ਜੋਤਿਸ਼ ਦਾ ਸੱਚ- 702

ਓਮ ਦਰਾ ਦਰੀ ਦਰੋਂ ਸਾ ਸੁਕਰਾਏ ਨਮੋ।
ਸਿਰਫ ਉੱਪਰ ਦਿੱਤੇ ਕੋ ਪਾਰ ਕਰਨ ਤੋਂ ਬਾਅਦ ਜੇਕਰ ਤੁਸੀਂ ਕਿਸੇ ਦੀ ਸ਼ਾਦੀਸ਼ ਦਾ ਲਾਈਵ ਚ ਕੋਈ ਤਕਲੀਫ ਹੈ ਕਿਸੇ ਹੋਰ ਦਾ ਪਟੀਸ਼ਨ ਨੂੰ ਪਿਆਰ ਨਹੀਂ ਕਰਦਾ ਇੱਜਤ ਮਾਨ ਨਹੀਂ ਦਿੰਦਾ ਤਾਂ ਉਹ ਪਤੀ ਉਪਾਏ ਹੋਣ ਤੋਂ ਬਾਅਦ ਇੱਕ ਦਮ ਤੋਂ ਬਦਲ ਜਾਵੇਗਾ ਤੇ ਆਪਣੇ ਪਤਨੀ ਨੂੰ ਪੂਰਾ ਇੱਜਤ ਮਾਨ ਅਤੇ ਪਿਆਰ ਦੇਣਾ ਸ਼ੁਰੂ ਕਰ ਦੇਵੇਗਾ

ਹੁਣ ਗੱਲ ਕਰਨ ਜਾ ਰਿਹਾ ਹਾਂ ਸਗ੍ਹਹ ਤੇ ਜੋ ਕਿ ਜੇਕਰ ਜਨਮ ਕੁੰਡਲੀ ਚੰਗੀ ਹਾਲਤ ਜਾਂ ਉੱਚ ਦਾ ਹੋਵੇ ਜਾਂ ਤਾਂ ਉਹ ਮਨੁੱਖ ਨੂੰ ਰਾਜਾ ਵਾਂਗ ਜ਼ਿੰਦਗੀ ਦਿੰਦਾ ਹੈ। ਅਰਦਾਸ ਉਸਦੀ ਜ਼ਿੰਦਗੀ ਪੂਰੇ ਆਸ਼ਰਮਤ ਮੇਰੇ ਨਾਲ ਲੰਘਦੇ ਪ੍ਰੰਤੂ ਜੇਕਰ ਇਹੀ ਕਰੈ ਨੀਚ ਰਾਸ਼ੀ ਦਾ ਜਾਂ ਮਾੜਾ ਹੋ ਜਾਵੇ ਤਾਂ ਅਹਿਮ ਮਨੁੱਖ ਨੂੰ ਮੰਗ ਕੇ ਖਾਣ ਵਾਸਤੇ ਮਜਬੂਰ ਕਰ ਦਿੰਦਾ ਹੈ। ਅਰਥਾਤ ਮਨੁੱਖ ਨੂੰ ਭਿਖਾਰੀ ਬਣਾ ਦਿੰਦਾ ਮੇਰੇ ਕਹਿਣ ਦਾ ਭਾਵ ਜਨਮ ਕੋ ਸਭ ਤੋਂ ਡਰਾ ਕੇ ਰੱਖਣ ਵਾਲੇ ਰਸ ਸ਼ਨੀਗਰਾਤ ਹੋਇਆ ਸ਼ਨੀ ਗ੍ਰਹਿ ਇੱਕ ਅਜਿਹਾ ਗ੍ਰਹਿ ਜਿਸ ਨੂੰ ਜੋਸ਼ੀ ਦੀ ਭਾਸ਼ਾ ਵਿੱਚ ਹੈ। ਗ੍ਰਹਿਆਂ ਦਾ ਰਾਜਾ ਕਿਹਾ ਜਾਂਦਾ ਸਨੀ ਗ੍ਰਹਿ ਹੀ ਇੱਕ ਅਜਿਹਾ ਗ੍ਰਹ ਜਿਹੜਾ ਕਿ ਜੇਕਰ ਜਨਮ ਕ ਕੇਂਦਰ ਵਿੱਚ (ਪਹਿਲਾ ਚੌਥਾ ਸੱਤਵਾਂ ਦਸਵਾਂ ਭਾਵ) ਜਾਂ ਫਿਰ ਤੇਰੇ ਕੋਣ ਵਿੱਚ (ਪਹਿਲਾ ਪੰਜਵਾਂ ਨੌਵਾਂ ਭਾਵ) ਵਿਰਾਜਮਾਨ ਹੋਵੇ ਅਤੇ ਉਥੇ ਆਪਣੀ ਉਚਰਾਸੀ ਜਾਂ ਮੂਲ ਤ੍ਰਿਕੋਣ ਰਾਸ਼ੀ ਤੋਂ ਤੁਲਾ ਮੱਕਰ ਕੁੰਭ ਵਿੱਚ ਬੈਠਾ ਹੋਵੇ ਤਾਂ ਉਸ ਵਿਅਕਤੀ ਜ਼ਿੰਦਗੀ ਰਾਜਾ ਵਾਂਗ ਹੁੰਦੀ ਹੈ ਅਰਦਾਸ ਉਹ ਵਿਅਕਤੀ ਨੂੰ ਹਰ ਪ੍ਰਕਾਰ ਦਾ ਸੁੱਖ ਪ੍ਰਾਪਤ ਹੁੰਦਾ ਸੋ ਆਪਸ਼ਨ ਆਪਣੀ ਜ਼ਿੰਦਗੀ ਵਿੱਚ ਉਹ ਸਭ ਕੁਝ ਪ੍ਰਾਪਤ ਹੁੰਦਾ ਹੈ ਜਿਸ ਨੂੰ ਪ੍ਰਾਪਤ ਕਰਨ ਦੀ ਕਲਪਨਾ ਸਧਾਰਨ ਇਨਸਾਨ ਆਪਣੀ ਜ਼ਿੰਦਗੀ ਵਿੱਚ ਕਰਦਾ ਹੈ। ਕੇਂਦਰ ਵਿੱਚ ਸ਼ਨੀ ਗ੍ਰਹਿ ਦਾ ਉੱਚ ਦਾ ਜਾਂ ਫਿਰ ਵਧੀਆ ਹਾਲਤ ਵਿੱਚ ਆਪਣੀ ਰਾਸ਼ੀ ਰਾਸ਼ੀ ਦਾ ਹੋ ਕੇ ਬੈਠਣਾ ਵਿਅਕਤੀ ਦਾ ਸਸ ਯੋਗ ਨਾਮ ਦਾ ਰਾਜ ਬਣਾਉਣ ਹੈ ਜੇਕਰ ਕਿਸੇ ਵਿਅਕਤੀ ਜਨਮ ਕੁੰਡਲੀ ਸ਼ਨੀ ਗ੍ਰਹਿ ਉੱਚ ਰਾਸ਼ੀ ਦਾ ਹੋ ਕੇ ਕੇਂਦਰ ਯਾਤਰਿਕ ਕੋਣ ਵਿੱਚ ਬੈਠਾ ਹੋਵੇ ਬੈਠਾ ਹੋ ਤਾਂ ਪਹਿਲਾਂ ਤਾਂ ਉਸ ਵਿਅਕਤੀ ਜ਼ਿੰਦਗੀ ਸੁਧਾਰਨ ਵਿਅਕਤੀ ਤੇ ਆਮ ਆਦਮੀ ਦੀ ਤਰ੍ਹਾਂ ਲੰਘਦੀ ਹੈ ਪ੍ਰੰਤੂ ਜਦੋਂ ਹੀ ਉਸ ਵਿਅਕਤੀ ਨੂੰ ਸ਼ਨੀ ਗ੍ਰਹਿ ਦੀ ਮਹਾ ਦਸ਼ਾ ਅੰਤਰ ਦਸ਼ਾ ਆਰੰਭ ਹੁੰਦੀ ਹੈ ਉਸ ਦੀ ਜ਼ਿੰਦਗੀ ਇਕਦਮ ਤੋਂ ਬਦਲ ਜਾਂਦੀ ਹੈ ਵਿਅਕਤੀ ਇਕਦਮ ਤੋਂ ਆਸਮਾਨ ਦੀਆਂ ਬੁਲੰਦੀਆਂ ਤੇ ਪਹੁੰਚ ਜਾਂਦਾ ਹੈ। ਉਹ ਜਿਸ ਵਿੱਚ ਜਾਂ ਜਿਸ ਵੀ ਕੰਮ ਨੂੰ ਹੱਥ ਪਾਉਂਦਾ ਉਸਨੂੰ ਬਹੁਤ ਜਿਆਦਾ ਕਾਮਯਾਬੀ ਪ੍ਰਾਪਤ ਹੁੰਦੀ ਹੈ। ਜਿਸ ਤਰ੍ਹਾਂ ਇਹ ਕਹਾਵਤ ਬਣੀ ਹੋਈ ਹੈ ਕਿ ਮਿੱਟੀ ਨੂੰ ਹੱਥ ਲਾਉਂਦਿਆਂ ਹੀ ਸੋਨਾ ਬਣ ਜਾਣਾ ਕੁਝ ਇਸ ਤਰ੍ਹਾਂ ਹੀ ਉਸਦੀ ਜ਼ਿੰਦਗੀ ਵਿੱਚ ਵੀ ਵਾਪਰਦਾ ਹੈ ਕਾਮਯਾਬੀ ਅਤੇ ਪੈਸਾ ਉਸ ਕਦਮ ਚੁੰਮਦੇ ਹਨ ਪਰੰਤੂ ਅਜਿਹਾ ਸਿਰਫ ਸ਼ਨੀ ਗ੍ਰਹਿ ਆਪਣੀ ਮਾਂ ਦਸ਼ਾ ਵਿੱਚ ਹੀ ਦਿੰਦਾ ਹੈ। ਭਾਰਤ ਦੇ ਮਸ਼ਹੂਰ ਉਦਯੋਗਪਤੀ ਅਤੇ ਰਿਲਾਇੰਸ ਕੰਪਨੀ ਦੇ ਮੁੱਖ ਸੰਸਥਾਪਕ ਸ੍ਰੀ ਧੀ ਰੂਪ ਭਾਈ ਅੰਬਾਨੀ ਅਤੇ ਮਸ਼ਹੂਰ ਫ਼ਿਲਮ ਸਟਾਰ ਸ਼ਾਹਰੁਖ ਖਾਨ ਇਸ ਸ਼ਹੀਦੇ ਸਭ ਤੋਂ ਵੱਡੇ ਉਦਾਹਰਨ ਹਨ। ਜਿਨ੍ਹਾਂ ਨੇ ਆਪਣੀ ਜ਼ਿੰਦਗੀ ਬਹੁਤ ਛੋਟੇ ਪੱਧਰ ਤੋਂ ਸ਼ੁਰੂ ਕੀਤੀ ਪ੍ਰੰਤੂ ਜਦੋਂ ਹੀ ਇਹਨਾਂ ਨੂੰ ਉੱਚ ਦੇਸ਼ਨੀ ਗ੍ਰਹ ਦੀ ਮਾਂ ਦਸ਼ਾ ਲੱਗੀ ਤਾਂ ਇਹਨਾਂ ਜ਼ਿੰਦਗੀ ਇੱਕ ਦਮ ਤੋਂ ਬਦਲ ਗਈ ਅਤੇ ਇਹ ਅਸਮਾਨ ਦੇ ਬੁਲੰਦੀਆਂ ਤੇ ਪਹੁੰਚ ਗਏ ਤੁਸੀਂ ਸਾਰੇ ਵੀ ਆਪਣੇ ਆਪਣੇ ਜਨਮ ਪੱਤਰੇ ਵੇਖ ਸਕਦੇ ਹੋ ਤੇ ਜੇਕਰ ਤੁਹਾਡੀ ਜਨਮ ਕੁੰਡਲੀ ਵਿੱਚ ਵੀ ਸ਼ਨੀ ਗ੍ਰਾਤੂਲਾਮ ਮੱਕਰ ਜਾਂ ਕੁੰਬਰ ਰਾਸ਼ੀ ਦਾ ਹੋ ਕੇ ਕੇਂਦਰ ਤ੍ਰਿਕੋਣ ਵਿੱਚ ਬੈਠਾ ਹੋਵੇ ਤਾਂ ਸ਼ਨੀ ਦੇ ਪੀਰੀਅਡ ਵਿੱਚ ਹੀ ਤੁਹਾਡੀ ਜ਼ਿੰਦਗੀ ਦਾ ਗੋਲਡਨ ਪੀਰੀਅਡ ਆਰੰਭ ਹੋਵੇਗਾ ਤੇ ਅਜਿਹੇ ਵਿਅਕਤੀ ਨੂੰ ਆਪਣਾ ਸ਼ਨੀ ਹੋਰ ਵਧੀਆ ਕਰਨ ਵਾਸਤੇ ਅਤੇ ਇਸ ਦਾ ਹੋਰ ਚੰਗਾ ਤੇ ਵਧੀਆ ਫਲ ਪ੍ਰਾਪਤ ਕਰਨ ਵਾਸਤੇ ਸ਼ਨੀਵਾਰ ਵਾਲੇ ਦਿਨ ਕਾਲੇ ਰੰਗ ਅਤੇ ਨੀਲੇ ਰੰਗ ਦੇ ਕੱਪੜੇ ਦੀ ਜ਼ਿਆਦਾ ਵਰਤੋਂ ਕਰਨੀ ਚਾਹੀਦੀ ਹ ਤੇ ਲੋਹੇ ਨਾਲ ਸੰਬੰਧਿਤ ਕੋਈ ਨਾ ਕੋਈ ਬਿਜ਼ਨਸ ਕਰਨਾ ਚਾਹੀਦਾ ਕਿਉਂਕਿ ਸ਼ੈਨੀਗ੍ਰਾ ਲੋਹੇ ਦਾ ਪ੍ਰਬਲ ਕਾਰਕ ਹੈ ਗ੍ਰਹਿ ਅਤੇ ਸ਼ਨੀਵਾਰ ਵਾਲੇ ਦਿਨ ਕਾਲਜ ਛੋਲੇ ਖਾਣੇ ਚਾਹੀਦੇ ਹਨ ਅਜਿਹਾ ਕਰਨਾ ਸ਼ਨੀ ਗ੍ਰਹਿ ਹਮੇਸ਼ਾ ਵਧੀਆ ਤੇ ਚੰਗਾ ਫਲ ਦੇਵੇਗਾ ਤੇ ਕਦੇ ਵੀ ਜ਼ਿੰਦਗੀ ਨੁਕਸਾਨ ਨਹੀਂ ਕਰੇਗਾ। ਪ੍ਰੰਤੂ ਜੇਕਰ ਜਨਮ ਕੰਡਿਊਸ਼ਨ ਐਨੀਗਰਮ ਮਾੜਾ ਹੋਵੇ ਜਾਂ ਨੀਚ ਦਾ ਹੋਵੇ ਜਾਂ ਫਿਰ ਮਾੜੇ ਘੜਾ ਵਿੱਚ ਬੈਠਿਆ ਹੋਵੇ ਤਾਂ ਇਹ ਵਿਅਕਤੀ ਨੂੰ ਅਜਿਹੇ ਮਾੜੇ ਫਲ ਦਿੰਦਾ ਹੈ ਜਿਸ ਦੀ ਕਲਪਨਾ ਉਸਨੇ ਜ਼ਿੰਦਗੀ ਵਿੱਚ ਕਦੇ ਕੀਤੀ ਤੱਕ ਨਹੀਂ ਹੁੰਦੀ ਮਨੁੱਖ ਚੰਗਾ ਭਲਾ ਖਾਂਦਾ ਪੀਂਦਾ ਆਪਣੀ ਜ਼ਿੰਦਗੀ ਆਪਣੇ ਪਰਿਵਾਰ ਨਾਲ ਗੁਜ਼ਾਰਿਆ ਹੁੰਦਾ ਹੈ। ਪ੍ਰੰਤੂ ਜਿੱਦਾਂ ਹੀ ਮਾੜੇ ਸ਼ਨੀ ਗ੍ਰਹਿ ਦੇ ਦਸ਼ਾ ਸ਼ੁਰੂ ਹੁੰਦੀ ਹੈ ਉਸਦਾ ਸਭ ਕੁਝ ਬਰਬਾਦ ਹੋਣਾ ਸ਼ੁਰੂ ਹੋ ਜਾਂਦਾ ਹੈ। ਉਸ ਦਾ ਚੰਗਾ ਭਲਾ ਕਾਰੋਬਾਰ ਦਾ ਬਿਜ਼ਨਸ ਡਾਊਨ ਹੋ ਜਾਂਦਾ ਹੈ ਤੇ ਉਸਦੇ ਸਾਰੇ ਰਿਸ਼ਤੇਦਾਰ ਜਾਣ ਤੋਂ ਉਸ ਤੋਂ ਮੂੰਹ ਮੋੜ ਮੋੜ ਲੈਂਦੇ ਹਨ।

ਜਿਸ ਵਿਅਕਤੀ ਜਨਮ ਕੁੰਡਲ ਸ਼ਨੀ ਗ੍ਰਹਿ ਨੀਚ ਦਾ ਜਾਂ ਫਿਰ ਨੀਚ ਰਾਸ਼ੀ ਦਾ ਹੁੰਦਾ ਹੈ ਉਸ ਵਿਅਕਤੀ ਨੂੰ ਸ਼ਨੀ ਸ਼ਨੀ ਦੇ ਪੀਰੀਅਡ ਵਿੱਚ ਬਹੁਤ ਦੁੱਖ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਸ ਨੂੰ ਕੋਈ ਨਾ ਕੋਈ ਲੰਬੀ ਬਿਮਾਰੀ ਲੱਗ ਜਾਂਦੀ ਜਿਸ ਵਾਸਤੇ ਉਸ ਨੂੰ ਬਾਰ-ਬਾਰ ਰਸਤਾ ਲੈਂਦਾ ਚੱਕਰ ਕੱਟਣੇ ਪੈਂਦੇ ਹਨ ਅਤੇ ਦਵਾਈਆਂ ਖਾਣੀਆਂ ਪੈਂਦੀਆਂ ਹਨ ਅਤੇ ਉਸਦਾ ਬੈਂਕ ਬੈਲੰਸ ਨੂੰ ਦਿਨ ਘੱਟਦਾ ਜਾਂਦਾ ਹੈ ਇਸ ਤੋਂ ਇਲਾਵਾ ਮਾੜੇ ਸ਼ਨੀ ਦੇ ਜਿਹੜੇ ਜਿਹੜੇ ਲੱਛਣ ਉਹਨਾਂ ਵਿੱਚੋਂ ਵਿਅਕਤੀ ਨੂੰ ਜਗ੍ਹਾ ਜਗ੍ਹਾ ਅਪਮਾਨ ਅਤੇ ਅਨਾਦਰ ਦਾ ਮੂੰਹ ਵੇਖਣਾ ਪੈਂਦਾ ਹੈ ਵਿਅਕਤੀ ਕੋਈ ਨਾ ਕੋਈ ਅਨੈਤਿਕ ਕੰਮ ਜਿਵੇਂ ਕਿ ਕਾਨੂੰਨ ਦੇ ਖਿਲਾਫ ਕੋਈ ਨਾ ਕੋਈ ਕੰਮ ਕਰਨ ਲੱਗ ਪੈਂਦਾ ਤੇ ਆਪਣੀ ਜ਼ਿੰਦਗੀ ਵਿੱਚ ਕਦੇ ਨਾ ਕਦੇ ਜੇਲ ਜਰੂਰ ਜਾਂਦਾ ਹੈ ਨੀਚ ਦਾ ਸ਼ਨੀ ਗ੍ਰਹਿ ਵਿਅਕਤੀ ਨੂੰ ਜੇਲ ਹਜ਼ੂਰ ਵਿਖਾਉਂਦਾ ਹੈ ਨੀਚ ਦੇ ਸ਼ਨੀ ਨਾਲ ਗ੍ਰਸਤ ਵਿਅਕਤੀ ਨੂੰ ਕੋਈ ਨਾ ਕੋਈ ਬਿਮਾਰੀ ਜਰੂਰ ਲੱਗ ਜਾਂਦੀ ਹੈ। ਖਾਸ ਤੌਰ ਤੇ ਜੋੜਾਂ ਦਰਦ ਉਸਦੀ ਸਭ ਤੋਂ ਵੱਡੀ ਪ੍ਰੋਬਲਮ ਅਤੇ ਤਕਲੀਫ ਹੁੰਦੀ ਹੈ ਨੀਚ ਜਾਂ ਮਾੜੇ ਸ਼ਨੀ ਦੇ ਨਾਲ ਗ੍ਰਸਤ ਵਿਅਕਤੀ ਜ਼ਿਆਦਾਤਰ ਨਿਰਾਸ਼ਾਵਾਦੀ ਨਿਰਾਸ਼ਾਵਾਦੀ ਪ੍ਰਕਾਰ ਦੇ ਹੁੰਦੇ ਹਨ ਉਹਨਾਂ ਨੂੰ ਛੋਤੀ ਕਿਸੇ ਵੀ ਕੰਮ ਵਿੱਚ ਜਲਦੀ ਕਾਮਯਾਬੀ ਪ੍ਰਾਪਤ ਨਹੀਂ ਹੁੰਦੀ ਇਹੋ ਜਿਹਾ